# ਪ੍ਰੈਸ ਨੋਟ

## ਜ਼ਿਲ੍ਹਾ ਫ਼ਿਰੋਜ਼ਪੁਰ ਪੁਲਿਸ ਵੱਲੋਂ ਭਾਰੀ ਮਾਤਰਾ ਵਿੱਚ ਲਾਹਣ ਬ੍ਰਾਮਦ

ਮਾਨਯੋਗ ਇਲੈਕਸ਼ਨ ਕਮਿਸ਼ਨ, ਪੰਜਾਬ ਅਤੇ ਮਾਨਯੋਗ ਡੀ.ਜੀ.ਪੀ. ਸਾਹਿਬ ਜੀ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਡਾ. ਨਰਿੰਦਰ ਭਾਰਗਵ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਫ਼ਿਰੋਜ਼ਪੁਰ ਜੀ ਦੀ ਅਗਵਾਈ ਵਿੱਚ ਜ਼ਿਲ੍ਹਾ ਦੇ ਵੱਖ ਵੱਖ ਇਲਾਕਿਆਂ ਵਿੱਚ ਟੀਮਾਂ ਬਣਾਕੇ, ਸ਼ਰਾਬ ਦਾ ਨਜਾਇਜ਼ ਧੰਦਾ ਕਰਨ ਵਾਲਿਆਂ ਤੇ ਛਾਪੇਮਾਰੀ ਕੀਤੀ ਗਈ। ਜ਼ਿਲ੍ਹਾ ਫ਼ਿਰੋਜ਼ਪੁਰ ਦੇ ਆਬਕਾਰੀ ਵਿਭਾਗ, ਐਸ.ਡੀ.ਆਰ.ਐਫ. ਅਤੇ ਬੀ.ਐਸ.ਐਫ ਨਾਲ ਸਾਂਝੇ ਅਪ੍ਰੇਸ਼ਨ ਦੌਰਾਂਨ ਇਹ ਛਾਪੇਮਾਰੀ ਕੀਤੀ ਗਈ। ਇਸ ਮੁਹਿੰਮ ਵਿੱਚ ਐਸ.ਡੀ.ਐਮ.ਏ ਦੀਆਂ ਮੋਟਰ ਬੋਟਾਂ ਦੀ ਮੱਦਦ ਲਈ ਗਈ। ਪਾਕਿਸਤਾਨ ਬਾਰਡਰ ਦੇ ਨਾਲ ਲੱਗਦੇ ਸਤਲੁਜ ਦਰਿਆ ਦੇ ਕਿਨਾਰੇ, ਅਤੇ ਪਿੰਡ ਮਹਿਮੂਦ ਵਾਲਾ, ਮਨੂੰ ਮਾਛੀ, ਅਲੀਕੇ, ਚੱਕਰ ਵਾਲਾ, ਰੁਕਣੇਵਾਲਾ, ਭੂਪੇਵਾਲਾ, ਵੱਡੀਆਂ ਚੱਕੀਆਂ, ਨਿੱਕੀਆਂ ਚੱਕੀਆਂ ਆਦਿ ਇਲਾਕੇ ਵਿੱਚੋਂ 4 ਲੱਖ 15000 ਲੀਟਰ ਲਾਹਣ ਬ੍ਰਾਮਦ ਕੀਤੀ ਗਈ ਅਤੇ ਮੌਕਾਂ ਤੋਂ 85 ਤਰਪਾਲਾਂ, 08 ਲੋਹੇ ਦੇ ਡਰੱਮ, 02 ਸਿਲਵਰ ਦੇ ਭਾਂਡੇ ਅਤੇ ਇੱਕ ਕਿਸ਼ਤੀ ਕਬਜ਼ੇ ਵਿੱਚ ਲਏ ਗਏ। ਇਸ ਸਬੰਧੀ ਥਾਣਾ ਮੱਖੂ ਵਿਖੇ ਮੁਕੱਦਮਾ ਨੰਬਰ 22 ਮਿਤੀ 04.02.2022 ਅ/ਧ ਐਕਸਾਈਜ਼ ਐਕਟ ਅਤੇ ਥਾਣਾ ਸਦਰ ਫ਼ਿਰੋਜ਼ਪੁਰ ਵਿਖੇ ਮੁਕੱਦਮਾ ਨੰਬਰ 27 ਮਿਤੀ 04.02.2022 ਅ/ਧ ਐਕਸਾਈਜ਼ ਐਕਟ ਦਰਜ ਕੀਤੇ ਗਏ ਅਤੇ ਜਾਂਚ ਜਾਰੀ ਹੈ। ਇਸ ਤੋਂ ਇਲਾਵਾ ਇਲਾਕਾ ਵਿੱਚ ਗੈਰਸਮਾਜੀ ਅਨਸਰਾਂ ਤੇ ਲਗਾਤਾਰ ਨਿਗਾ ਰੱਖੀ ਜਾ ਰਹੀ ਹੈ ਤਾਂ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸ਼ਾਂਤੀ ਨਾਲ ਹੋ ਸਕਣ।